# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## ਬਾਰ੍ਹਵੀਂ *(XII)*

***Time allowed : 3 hours*** — ***Maximum Marks : 100***

*ਸਮਾਂ ੩ ਘੰਟੇ* — *ਅੰਕ ੧੦੦*

**1.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ— **10**

ਜੀਵਨ ਵਿੱਚ ਸੱਚਾ ਸੁੱਖ ਓਦੋਂ ਮਿਲਦਾ ਹੈ ਜਦੋਂ ਅਸ਼ੀਂ ਆਪਣਾ ਤਨ-ਮਨ-ਧਨ ਸਭ ਕੁਝ ਦੂਜਿਆਂ ਉੱਤੇ ਕੁਰਬਾਨ ਕਰ ਦਿੰਦੇ ਹਾਂ। ਆਪਣੇ ਵਾਸਤੇ ਜਿਉਣਾ ਕੋਈ ਜਿਉਣਾ ਨਹੀਂ, ਦੂਜਿਆਂ ਦੀ ਖ਼ਾਤਰ ਜਿਊਣ ਵਿੱਚ ਹੀ ਸੱਚਾ ਸੁੱਖ ਅਤੇ ਅਨੰਦ ਹੈ। ਕਿਸੇ ਤੋਂ ਕੁਝ ਲੈਣ ਦੀ ਇੱਛਾ ਮਨੁੱਖ ਨੂੰ ਦੁੱਖ ਦਿੰਦੀ ਹੈ। ਜਦੋਂ ਕੋਈ ਸਿਰਫ਼ ਕਿਸੇ ਤੋਂ ਕੁੱਝ ਲੈਣ ਦੀ ਹੀ ਉਮੀਦ ਰੱਖਦਾ ਹੈ ਤਾਂ ਉਹਨੂੰ ਸੁੱਖ ਨਸੀਬ ਨਹੀਂ ਹੁੰਦਾ। ਕਿਉਂਕਿ ਇੱਛਾ ਦੀ ਪੂਰਤੀ ਕਿਸੇ ਦੂਜੇ ਉੱਤੇ ਨਿਰਭਰ ਹੁੰਦੀ ਹੈ ਅਤੇ ਇਹ ਨਿਸ਼ਚਿਤ ਨਹੀਂ ਹੁੰਦਾ ਕਿ ਇੱਛਾ-ਪੂਰਤੀ ਹੋਵੇਗੀ ਵੀ ਕਿ ਨਹੀਂ, ਇਸ ਲਈ ਸੁੱਖ ਮਿਲਣਾ ਜ਼ਰੂਰੀ ਨਹੀਂ। ਇੱਛਾ-ਪੂਰਤੀ ਜੇ ਰੋ-ਪਿੱਟ ਕੇ ਹੋ ਵੀ ਗਈ ਤਾਂ ਵੀ ਸੱਚਾ ਸੁੱਖ ਨਹੀਂ ਦੇ ਸਕੇਗੀ। ਸੱਚਾ ਸੁੱਖ ਤਾਂ ਦੂਜਿਆਂ ਨੂੰ ਦੇਣ ਵਿਚ ਹੈ, ਦੂਜਿਆਂ ਤੋਂ ਲੈਣ ਵਿਚ ਨਹੀਂ। ਅੰਗੂਰ ਦੀ ਸਾਰਥਕਤਾ ਆਪਣਾ ਸਾਰਾ ਰਸ ਦੂਜਿਆਂ ਵਾਸਤੇ ਨਿਚੋੜ ਦੇਣ ਵਿੱਚ ਹੈ। ਇਸੇ ਤਰ੍ਹਾਂ ਮਨੁੱਖ ਦੀ ਸਾਰਥਕਤਾ ਆਪਣੀਆਂ ਪੂਰੀਆਂ ਯੋਗਤਾਵਾਂ ਅਤੇ ਆਪਣੇ ਸਾਰੇ ਗੁਣਾਂ ਨੂੰ ਦੂਜਿਆਂ ਉੱਤੇ ਨਿਛਾਵਰ ਕਰ ਦੇਣ ਵਿਚ ਹੁੰਦੀ ਹੈ। ਪਰਉਪਕਾਰ ਦੇ ਰਸ ਨਾਲ ਦੂਜਿਆਂ ਨੂੰ ਤ੍ਰਿਪਤ ਕਰ ਦੇਣ ਵਿੱਚ ਸੱਚਾ ਸੁੱਖ ਹੈ। ਸੱਚੇ ਸੁੱਖ ਦਾ ਭਾਗੀ ਉਹੀ ਹੋ ਸਕਦਾ ਹੈ ਜਿਹੜਾ ਆਪਣਾ ਸਰਬੰਸ ਦੂਜਿਆਂ ਉੱਤੋਂ ਵਾਰ ਦੇਵੇ।

(ੳ) ਜੀਵਨ ਵਿੱਚ ਸੱਚਾ ਸੁੱਖ ਅਤੇ ਅਨੰਦ ਕਦੋਂ ਮਿਲਦਾ ਹੈ?
(ਅ) ਉਪਰ ਲਿਖੇ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ।
(ੲ) ਅੰਗੂਰ ਦੀ ਸਾਰਥਕਤਾ ਕਿਸ ਕੰਮ ਵਿੱਚ ਹੈ?
(ਸ) ਮਨੁੱਖ ਦੀ ਸਾਰਥਕਤਾ ਕਿਸ ਅੰਦਰ ਹੈ ਤੇ ਉਹ ਦੂਜਿਆਂ ਨੂੰ ਕਿਵੇਂ ਤ੍ਰਿਪਤ ਕਰ ਸਕਦਾ ਹੈ?
(ਹ) 'ਸਰਬੰਸ' ਅਤੇ 'ਪਰਉਪਕਾਰ' ਦਾ ਵਾਕ ਬਣਾਓ।

**2.** ***ਕਿਸੇ ਇੱਕ*** ਵਿਸ਼ੇ ਤੇ 200 ਸ਼ਬਦਾਂ ਦਾ ਲੇਖ ਲਿਖੋ— **10**

(i) ਮਿੱਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ
(ii) ਚੰਗੇ ਵਿਦਿਆਰਥੀ ਦੇ ਗੁਣ
(iii) ਮਹਿੰਗਾਈ ਦੀ ਸਮੱਸਿਆ
(iv) ਕੇਬਲ ਟੀ.ਵੀ. ਦੇ ਲਾਭ ਅਤੇ ਹਾਨੀਆਂ

**3.** ਆਪਣੇ ਭਰਾ ਦੇ ਵਿਆਹ ਲਈ ਛੁੱਟੀ ਵਾਸਤੇ ਸਕੂਲ ਦੇ ਪ੍ਰਿੰਸੀਪਲ ਨੂੰ *'ਈ-ਮੇਲ'* ਰਾਹੀਂ ਸੂਚਿਤ ਕਰੋ। **7**

***ਜਾਂ***

ਆਪਣਾ ਪੁਰਾਣਾ ਸਕੂਟਰ ਵੇਚਣ ਲਈ 25-40 ਸ਼ਬਦਾਂ ਵਿੱਚ ਇਕ ਇਸ਼ਤਿਹਾਰ ਤਿਆਰ ਕਰੋ।

**4.** ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਮਾਰਗ ਦਰਸ਼ਕ ਬੋਰਡਾਂ ਵਿੱਚ ਪੰਜਾਬੀ ਭਾਸ਼ਾ ਦੀ ਤਰੁੱਟੀਆਂ ਬਾਰੇ ਧਿਆਨ ਦੇਣ ਲਈ ਪੱਤਰ ਲਿਖੋ। **8**

***ਜਾਂ***

ਸਕੂਲ ਵਿੱਚ ਹੋਏ ਸਲਾਨਾ ਸਮਾਰੋਹ ਦੀ ਰਿਪੋਰਟ ਨੂੰ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਛਾਪਣ ਲਈ ਬੇਨਤੀ ਪੱਤਰ ਲਿਖੋ।

**5.** ਹੇਠ ਲਿਖੇ ਮੁਹਾਵਰਿਆਂ ਵਿੱਚੋਂ **ਤਿੰਨ ਦੇ** ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ— 3

(i) ਗੋਦੜੀ ਦਾ ਲਾਲ ਹੋਣਾ

(ii) ਘਰ ਭੰਨਣਾ

(iii) ਚਾਦਰ ਪਾਉਣੀ

(iv) ਜ਼ਬਾਨ ਦਾ ਧਨੀ ਹੋਣਾ

(v) ਝੜੀ ਲੱਗਣੀ

**6.** (1) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਜੋੜ ਚੁਣੋ—

(i) (ੳ) ਜੇਹੜਾ (ਅ) ਜਹਿੜਾ 1

(ੲ) ਜਿਅੜਾ (ਸ) ਜਿਹੜਾ

(ii) (ੳ) ਬੁਡਾ (ਅ) ਬੁੱਡਾ 1

(ੲ) ਬੂਡਾ (ਸ) ਬੁੱਢਾ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ—

ਡੂੰਗਾ, ਸਿੰਗ, ਡੇਰ, ਬਿਯਾਹ 2

(3) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ—

(i) ਪੂੰਜੀ — 1

ਪੂੰਝੀ —

(ii) ਬੋਲੀ — 1

ਭੋਲੀ —

**7.** ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ— 3

ਤੁਸੀਂ ਦੇਰ ਨਾਲ ਕਿਉਂ ਆਏ ਹੋ ਅਧਿਆਪਕ ਜੀ ਨੇ ਮੈਨੂੰ ਕਿਹਾ ਮੈਂ ਕਿਹਾ ਰਸਤੇ ਵਿਚ ਕਾਰ ਖਰਾਬ ਹੋ ਗਈ ਸੀ

**8.** ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ— 3

(i) ਸੁਰਜੀਤ ਦੀ ਟੈਲੀਫੋਨ ਆਈ ਹੈ।

(ii) ਤੁਸੀਂ ਕੀ ਮੇਰਾ ਕੰਮ ਕਰ ਦਿਉਗੇ।

(iii) ਉਸ ਦੇ ਦੋਵੇਂ ਭਰਾ ਵੱਡੇ ਹਨ ਉਸ ਤੋਂ।

**9.** ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇਕ** ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ— 8

ਧਾ ਚਰਨਾਂ ਤੇ ਸੀਸ ਨਿਵਾਇਆ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨਾ ਗਈਆਂ ਕਾਈ

(i) ਕਿਸ ਨੇ ਤੇ ਕਿਸ ਦੇ ਚਰਨਾਂ ਵਿਚ ਸੀਸ ਨਿਵਾਇਆ?

(ii) 'ਪੇਸ਼ ਨਾ ਗਈਆਂ ਕਾਈ' ਦਾ ਕੀ ਅਰਥ ਹੈ?

(iii) ਚਰਨਾਂ ਤੇ ਸੀਸ ਨਿਵਾਉਣ ਨਾਲ ਕੀ ਹੋਇਆ?

(iv) ਇਹ ਕਾਵਿ ਟੁਕੜੀ ਕਿਹੜੀ ਕਵਿਤਾ ਵਿਚੋਂ ਲਈ ਗਈ ਹੈ ਤੇ ਇਸ ਦੇ ਕਵੀ ਕੌਣ ਹਨ?

***ਜਾਂ***

ਹੀਰੇ ਤਲੇ ਹਿੱਲੇ,
ਹੀਰੇ ਉੱਪਰ ਹਿੱਲ ਗਏ,
ਇਹ ਕਿਹਾ ਮਨੁੱਖ ਹੈ?
ਨਿੱਕਾ ਜਿਹਾ, ਕਾਲਾ ਜਿਹਾ,
ਵਿੰਦਰਾਵਨ ਵਿਚ ਗਊਆਂ ਚਰਾਨ ਵਾਲਾ
ਜਮਨਾ ਨੂੰ ਛੇੜਦਾ,
ਰੱਖ ਮੂੰਹ ਆਪਣੇ 'ਤੇ ਬਾਂਸਰੀ।

(i) ਕਿਹੜੇ ਹੀਰੇ ਹਿੱਲਣ ਦੀ ਗੱਲ ਕਵੀ ਨੇ ਕੀਤੀ ਹੈ?

(ii) ਵਿੰਦਰਾਵਨ ਵਿਚ ਗਊਆਂ ਚਰਾਨ ਵਾਲਾ ਕੌਣ ਸੀ?

(iii) ਉਹ ਆਪਣੀ ਬਾਂਸਰੀ ਨਾਲ ਕਿਸ ਨੂੰ ਛੇੜ ਰਿਹਾ ਸੀ?

(iv) ਇਹ ਕਾਵਿ ਟੁਕੜੀ ਕਿਹੜੀ ਕਵਿਤਾ ਵਿਚੋਂ ਲਈ ਗਈ ਹੈ ਤੇ ਇਸ ਦੇ ਕਵੀ ਕੌਣ ਹਨ?

**10.** **ਕਿਸੇ ਇਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— **7**

ਨਿੱਕੀ ਜਿਹੀ ਜਿੰਦ ਮੇਰੀ ਤਾਹੀਓਂ,
ਨਿੱਕੇ ਰੱਬ ਨਾਲ ਪਾਇਆ ਪਿਆਰ।
ਨਿੱਕੇ ਰੱਬ ਦੀਆਂ ਨਿੱਕੀਆਂ ਗੱਲਾਂ,
ਨਿੱਕੇ ਰੋਸੇ, ਨਿੱਕੇ ਹਾਸੇ।
ਨਿੱਕੇ ਉਹਲੇ, ਨਿੱਕੇ ਦਿਲਾਸੇ,
ਬਣਦੇ ਜੀਵਨ ਦਾ ਆਧਾਰ।

ਜਾਂ

ਫਿਰ ਕਿਸੇ, ਪਰੀ-ਲੋਕ 'ਚੋਂ
ਇਕ ਸ਼ਹਿਜ਼ਾਦਾ ਆਉਂਦਾ
ਤੇ ਉਹਨੂੰ,
ਉਹ ਕੁੱਲ ਜੰਗਲ ਦੀ ਸੈਰ ਕਰਾਉਂਦਾ
ਇਕ ਦਿਨ ਫੇਰ ਇਵੇਂ ਦਾ ਆਉਂਦਾ
ਉਹ ਸ਼ਹਿਜ਼ਾਦਾ
ਓਸ ਕੁੜੀ ਨੂੰ
ਵਰ ਕੇ ਦੂਰ ਦੇਸ਼ ਲੈ ਜਾਂਦਾ
ਹੱਸਦਾ ਹੱਸਦਾ ਗਾਉਂਦਾ ਗਾਉਂਦਾ
ਇਕ ਪਲ ਦਾ ਜੇ ਪਵੇ ਵਿਛੋੜਾ
ਉਹ ਮਰ ਜਾਂਦੀ
ਉਹ ਮਰ ਜਾਂਦਾ

**11.** ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹ ਕੇ **ਕਿਸੇ ਇੱਕ** ਦੇ ਉੱਤਰ ਦਿਓ—

'ਜੇ ਪੜ੍ਹਨ ਦੀ ਨੀਅਤ ਹੋਵੇ ਤਾਂ ਕਿਸੇ ਕੋਲੋਂ ਪੈਨ ਮੰਗਿਆ ਜਾ ਸਕਦਾ ਸੀ।'

(i) ਇਨ੍ਹਾਂ ਸਤਰਾਂ ਵਿਚ ਕਿਸ ਦੇ ਪੜ੍ਹਨ ਦੀ ਨੀਅਤ ਨਹੀਂ ਲੱਗ ਰਹੀ? (1)

(ii) ਇਹ ਗੱਲ ਕੌਣ ਕਹਿ ਰਿਹਾ ਹੈ? (1)

(iii) ਇਹ ਸਤਰਾਂ ਕਿਸ ਰਚਨਾ ਵਿੱਚ ਦਰਜ਼ ਹਨ ਤੇ ਇਸ ਦੇ ਰਚਨਾਕਾਰ ਕੌਣ ਹਨ? (1)

***ਜਾਂ***

'ਹੁੰਦੀ ਐਂ, ਅੰਕਲ ਜੀ! ਪਿਛਲੇ ਸਾਲ ਏਸੇ ਬਾਗ ਵਿਚ ਮੈਨੂੰ ਮਿਲੀ ਸੀ। ਉਹਨੇ ਮੇਰੀ ਪੜ੍ਹਨ ਵਿਚ ਬਹੁਤ ਮਦਦ ਕੀਤੀ। ਉਹਦੇ ਕਰਕੇ ਮੈਂ ਸੈਕੰਡ ਆ ਗਿਆ।

(i) ਕਿਸ ਨੇ ਤੇ ਕਿਸ ਦੀ ਪੜ੍ਹਨ ਵਿਚ ਮਦਦ ਕੀਤੀ ਸੀ? (1)

(ii) ਮੈਂ ਪਾਤਰ ਨੇ ਕਿਹੜਾ ਦਰਜ਼ਾ ਹਾਸਲ ਕੀਤਾ? (1)

(iii) ਇਹਨਾਂ ਸਤਰਾਂ ਦੇ ਲੇਖਕ ਦਾ ਨਾਂ ਦੱਸੋ? (1)

**12.** ਗੁਆਚਿਆ ਮੁੰਡਾ ਨਾਵਲ ਵਿਚ ਨਾਵਲਕਾਰ ਨੇ ਕਿਹੜੀ ਸਮੱਸਿਆ ਨੂੰ ਪੇਸ਼ ਕੀਤਾ ਹੈ? ਉੱਤਰ 100-125 ਸ਼ਬਦਾਂ ਵਿਚ ਲਿਖੋ। 7

***ਜਾਂ***

ਘੋਗੇ ਦੀ ਪਾਤਰ ਉਸਾਰੀ 100-125 ਸ਼ਬਦਾਂ ਵਿਚ ਕਰੋ।

**13.** ਕਿਸੇ ਇਕ ਪ੍ਰਸੰਗ ਦੇ ਆਧਾਰ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—

ਕਾਹਲੀ ਕਾਹਲੀ ਉਹ ਆਪਣੇ ਘਰ ਨੂੰ ਤੁਰ ਪਿਆ। ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾਉਣ ਆਇਆ ਉਹ ਬੜੇ ਠਰ੍ਹੰਮੇ ਨਾਲ, ਹਵਾ ਨਾਲ ਅਠਖੇਲੀਆਂ ਕਰਦਾ, ਆਇਆ ਸੀ। ਘਰ ਨੂੰ ਮੁੜੇ ਜਾਂਦੇ ਦੇ ਉਹਦੇ ਕਦਮ ਥਿੜਕ ਥਿੜਕ ਜਾਂਦੇ ਸਨ ਉਸ ਨੂੰ ਲੱਗਿਆ ਜਿਵੇਂ ਕੋਈ ਉਹਦਾ ਪਿੱਛਾ ਕਰ ਰਿਹਾ ਹੁੰਦਾ ਹੈ।

(i) ਕੌਣ ਕਾਹਲੀ-ਕਾਹਲੀ ਤੇ ਕਿਸ ਪਾਸੇ ਜਾ ਜਾ ਰਿਹਾ ਹੈ? (2)

(ii) ਤਿਲਚੌਲੀ ਪਾਉਣ ਲਈ ਉਹ ਕਿੱਥੇ ਜਾ ਰਿਹਾ ਸੀ? (1)

(iii) ਇਹ ਕਥਾ-ਅੰਸ਼ ਕਿਸ ਕਹਾਣੀ ਵਿਚ ਦਰਜ ਹੈ ਤੇ ਇਸ ਦੇ ਲੇਖਕ ਕੌਣ ਹਨ? (2)

***ਜਾਂ***

ਸਿਆਣੇ ਕਹਿੰਦੇ ਹਨ, ਬੰਦੇ ਦੇ ਪੈਰਾਂ ਹੇਠ ਚਾਰ ਗਜ਼ ਧਰਤੀ ਆਪਣੇ ਹੋਵੇ ਅਤੇ ਸਿਰ ਉੱਤੇ ਚਾਰ ਗਜ਼ ਅੰਬਰ ਆਪਣਾ, ਫੇਰ ਉਹ ਕਿਸੇ ਦੇ ਲੈਣ ਦਾ ਨਹੀਂ।

(i) ਇਹ ਬੋਲ ਕਿਸਦੇ ਹਨ? (2)

(ii) ਇਹ ਬੋਲ ਕਿਸ ਕਹਾਣੀ ਵਿੱਚੋਂ ਹਨ? ਕਹਾਣੀਕਾਰ ਦਾ ਨਾਂ ਵੀ ਦੱਸੋ। (2)

(iii) ਇਸ ਵਾਰਤਾਲਾਪ ਦਾ ਪ੍ਰਸੰਗ ਸਪੱਸ਼ਟ ਕਰੋ। (1)

**14.** 'ਸਵੇਰ ਹੋਣ ਤੱਕ' ਕਹਾਣੀ ਵਿੱਚ ਕਿਸਾਨ ਪਰਿਵਾਰ ਦੀ ਕਿਹੜੀ ਸਮੱਸਿਆਵਾਂ ਨੂੰ ਉਭਾਰਿਆ ਗਿਆ ਹੈ' ਉੱਤਰ 100 ਸ਼ਬਦਾਂ ਵਿੱਚ ਲਿਖੋ। 5

***ਜਾਂ***

ਕਰੁਣਾ ਕਿਸ ਤਰ੍ਹਾਂ ਦੇ ਮਾਨਸਿਕ ਸੰਘਰਸ਼ ਨਾਲ ਜੂਝ ਰਹੀ ਹੈ? ਉੱਤਰ 100 ਸ਼ਬਦਾਂ ਵਿੱਚ ਦਿਓ।

**15.** ਆਧੁਨਿਕ ਕਾਵਿ ਦੀ ਉਤਪਤੀ ਤੇ ਵਿਕਾਸ ਬਾਰੇ 150-200 ਸ਼ਬਦਾਂ ਵਿਚ ਜਾਣਕਾਰੀ ਦਿਓ। **10**

***ਜਾਂ***

ਸੂਫ਼ੀ ਕਾਵਿ ਬਾਰੇ 150-200 ਸ਼ਬਦਾਂ ਵਿਚ ਚਰਚਾ ਕਰੋ।

16. ਕਦਰਾਂ ਕੀਮਤਾਂ ਤੇ ਆਧਾਰਿਤ— 5

'ਮੇਰਾ ਜਮੂਰਾ ਝੂਠ ਨਹੀਂ ਬੋਲਤਾ, ਸਭ ਸੱਚ ਸੱਚ ਬਤਲਾਤਾ ਹੈ।'

**ਇਸ ਵਾਰਤਾ ਵਿੱਚ ਮਦਾਰੀ ਦੇ ਤਮਾਸ਼ੇ ਬਾਰੇ ਪਤਾ ਲੱਗ ਰਿਹਾ ਹੈ? ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਮਦਾਰੀ ਤੇ ਉਸਦੇ ਜਮੂਰੇ ਸੱਚ ਨੂੰ ਸਾਹਮਣੇ ਲਿਆ ਸਕਦੇ ਹਨ? ਆਪਣੇ ਵਿਚਾਰ 100-125 ਸ਼ਬਦਾਂ ਵਿਚ ਦਿਓ।**